BC Renal Agency
An agency of the Provincial Health Services Authority



# ਪੈਰੀਟੋਨੀਅਲ ਡਾਇਆਲਿਸਸ ਲਈ ਬੈੱਡ ਸਾਈਡ ਨਾਲੀ ਚਾੜ੍ਹੇ ਜਾਣ ਤੋਂ ਬਾਅਦ: ਮੈਨੂੰ ਕੀ ਜਾਣਨ ਦੀ ਲੋੜ ਹੈ?



**1. ਪੱਟੀ ਦੀ ਸੰਭਾਲ**

- ਆਪਣੀ ਪੱਟੀ ਆਪ ਨਾ ਬਦਲੋ।
- ਤੁਹਾਡੀ ਪੀ ਡੀ ਨਰਸ ਤੁਹਾਡੀ ਪੱਟੀ ਹਫਤੇ ਵਿਚ ਇਕ ਵਾਰ ਬਦਲੇਗੀ।
- ਆਪਣੀ ਪੱਟੀ ਨੂੰ ਹਰ ਵੇਲੇ ਸਾਫ ਅਤੇ ਸੁੱਕੀ ਰੱਖੋ।
- ਜੇ ਤੁਹਾਡੀ ਪੱਟੀ ਢਿੱਲੀ ਹੋ ਜਾਵੇ ਤਾਂ ਇਸ ਉੱਪਰ ਹੋਰ ਟੇਪ ਲਾਉ।
- ਜੇ ਤੁਹਾਡੀ ਪੱਟੀ ਗਿੱਲੀ ਜਾਂ ਗੰਦੀ ਹੋ ਜਾਵੇ ਜਾਂ ਲਹੂ ਨਾਲ ਲਿੱਬੜ ਜਾਵੇ ਤਾਂ ਆਪਣੀ ਕਿਡਨੀ ਨਰਸ ਜਾਂ ਡਾਕਟਰ ਨੂੰ ਫੋਨ ਕਰੋ।

**2. ਸ਼ਾਵਰ ਨਹੀਂ ਲੈਣਾ, ਨਹਾਉਣਾ ਨਹੀਂ ਜਾਂ ਤਰਨਾ ਨਹੀਂ। ਜੇ ਤੁਹਾਡੀ ਕਿਡਨੀ ਨਰਸ ਜਾਂ ਡਾਕਟਰ ਕਿਸੇ ਹੋਰ ਤਰ੍ਹਾਂ ਕਰਨ ਲਈ ਨਹੀਂ ਕਹਿੰਦੇ ਤਾਂ ਸਿਰਫ ਸਪੰਜ ਇਸ਼ਨਾਨ ਹੀ ਕਰਨਾ ਹੈ** (ਸਰਜਰੀ ਤੋਂ ਬਾਅਦ ਘੱਟੋ ਘੱਟ 4 ਹਫਤੇ)।

**3. ਜੇ ਤੁਹਾਡੇ ਦਰਦ ਹੋਵੇ**

- ਤੁਸੀਂ ਐਸੀਟਾਮੀਨੋਫਿਨ (ਟੈਲਾਨੌਲ) ਲੈ ਸਕਦੇ ਹੋ।
- ਥੋੜ੍ਹੀ ਜਿਹੀ ਦਰਦ ਹੋਣਾ ਆਮ ਗੱਲ ਹੈ ਪਰ ਇਹ ਹਰ ਦਿਨ ਘਟਣੀ ਚਾਹੀਦੀ ਹੈ। ਜੇ ਦਰਦ ਵਧ ਜਾਵੇ ਤਾਂ ਆਪਣੀ ਕਿਡਨੀ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

**4. ਕਬਜ਼ ਅਤੇ ਬਾਥਰੂਮ ਵਿਚ ਜ਼ੋਰ ਲਾਉਣ ਤੋਂ ਪਰਹੇਜ਼ ਕਰੋ**

- ਆਪਣੇ ਕਿਡਨੀ ਡਾਕਟਰ ਵਲੋਂ ਦੱਸੀਆਂ ਗਈਆਂ ਟੱਟੀ ਨਰਮ ਕਰਨ ਵਾਲੀਆਂ ਦਵਾਈਆਂ ਲਵੋ। ਕੋਡੀਨ ਲੈਣ ਤੋਂ ਪਰਹੇਜ਼ ਕਰੋ।

**5. ਆਪਣੀ ਨਰਸ ਜਾਂ ਡਾਕਟਰ ਦੇ ਕਹਿਣ ਤੱਕ ਕੋਈ ਵੀ ਭਾਰੀ ਕਸਰਤ ਨਾ ਕਰੋ ਜਾਂ ਜ਼ਿਆਦਾ ਭਾਰ (15 ਪੌਂਡ ਤੋਂ ਵੱਧ) ਨਾ ਚੁੱਕੋ** (ਸਰਜਰੀ ਤੋਂ ਬਾਅਦ 2 ਤੋਂ 6 ਹਫਤੇ)।

- 15 ਪੌਂਡ, ਲਾਂਡਰੀ ਦੀ ਭਰੀ ਹੋਈ ਟੋਕਰੀ ਚੁੱਕਣ ਦੇ ਬਰਾਬਰ ਹੈ।

**6. ਢਿੱਲੇ ਕੱਪੜੇ ਪਾਉ**

- ਆਪਣੀ ਨਾਲੀ ਦੇ ਉੱਪਰ ਜਾਂ ਹੇਠਾਂ ਕਮਰਬੰਦ ਕੱਪੜੇ ਪਹਿਨੋ।
- ਬੈਲਟ ਨਾ ਲਾਉ।

**7. ਆਪਣੀਆਂ ਪੈਰਵੀ ਲਈ ਅਪੌਇੰਟਮੈਂਟਾਂ ’ਤੇ ਜਾਉ**

- ਆਪਣਾ ਡਾਇਆਲਿਸਸ ਸ਼ੁਰੂ ਹੋਣ ਤੱਕ ਆਮ ਤੌਰ ’ਤੇ ਹਫਤੇ ਵਿਚ ਇਕ ਵਾਰੀ।
- ਹਰ ਫੇਰੀ ਸਮੇਂ ਤੁਹਾਡੀ ਨਾਲੀ ਸਾਫ ਕੀਤੀ ਜਾਵੇਗੀ ਅਤੇ ਤੁਹਾਡੀ ਪੱਟੀ ਬਦਲੀ ਜਾਵੇਗੀ।

**ਪੈਰਵੀ ਲਈ ਪਹਿਲੀ ਅਪੌਇੰਟਮੈਂਟ ਦੀ ਤਰੀਕ ਅਤੇ ਸਮਾਂ**

______________________________

## 8. ਮੈਨੂੰ ਆਪਣੀ ਕਿਡਨੀ ਨਰਸ ਜਾਂ ਡਾਕਟਰ ਨੂੰ ਫੋਨ ਕਦੋਂ ਕਰਨਾ ਚਾਹੀਦਾ ਹੈ?

- ਤੁਹਾਡੀ ਪੱਟੀ ਗਿੱਲੀ ਹੋ ਜਾਵੇ ਜਾਂ ਖੂਨ ਨਾਲ ਲਿੱਬੜ ਜਾਵੇ
- ਤੁਹਾਡੀ ਦਰਦ, ਦਰਦ ਤੋਂ ਆਰਾਮ ਦਿਵਾਉਣ ਵਾਲੀਆਂ ਦਵਾਈਆਂ ਨਾਲ ਵੀ ਨਾ ਹਟੇ
- ਤੁਹਾਡਾ ਚਿੱਤ ਕੱਚਾ ਹੁੰਦਾ ਹੋਵੇ ਜਾਂ ਉਲਟੀਆਂ ਆਉਂਦੀਆਂ ਹੋਣ ਜੋ ਕਿ 24 ਘੰਟੇ ਬਾਅਦ ਵੀ ਨਾ ਰੁਕਣ
- ਤੁਹਾਨੂੰ ਕਬਜ਼ ਹੋ ਗਈ ਹੈ ਅਤੇ 2 ਦਿਨ ਟੱਟੀ ਨਹੀਂ ਆਈ
- ਤੁਹਾਨੂੰ 38.0 ਡਿਗਰੀ ਸੈਂਟੀਗਰੇਡ (100.4 ਡਿਗਰੀ ਫਰਨਹਾਈਟ) ਤੋਂ ਜ਼ਿਆਦਾ ਬੁਖਾਰ ਹੈ
- ਤੁਸੀਂ ਪਿਸ਼ਾਬ ਨਹੀਂ ਕਰ ਸਕਦੇ

## ਜ਼ਰੂਰੀ ਫੋਨ ਨੰਬਰ

ਕਿਡਨੀ ਡਾਕਟਰ ______________________________

ਪੈਰੀਟੋਨੀਅਲ ਡਾਇਆਲਿਸਸ ਯੂਨਿਟ ____________________

ਕਿਡਨੀ ਕਲੀਨਿਕ ______________________________

ਇਸ ਪੈਂਫਲਿਟ ਵਿਚਲੀ ਜਾਣਕਾਰੀ, ਸਿਖਿਆ ਅਤੇ ਜਾਣਕਾਰੀ ਦੇਣ ਦੇ ਮੰਤਵਾਂ ਲਈ, ਅਤੇ ਆਪਣੀ ਡਾਕਟਰੀ ਹਾਲਤ ਅਤੇ ਇਲਾਜ ਬਾਰੇ, ਆਪਣੀ ਇਲਾਜ ਕਰਨ ਵਾਲੀ ਟੀਮ ਨਾਲ ਵਿਚਾਰ-ਵਟਾਂਦਰਾ ਕਰਨ ਵਿਚ ਮਦਦ ਕਰਨ ਲਈ ਦਿੱਤੀ ਗਈ ਹੈ। ਇਹ ਡਾਕਟਰੀ ਸਲਾਹ ਦੀ ਥਾਂ ਨਹੀਂ ਲੈਂਦੀ ਅਤੇ ਨਾ ਹੀ ਤੁਹਾਡੇ ਡਾਕਟਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਮਾਹਰ ਵਲੋਂ ਦਿੱਤੀ ਜਾਣ ਵਾਲੀ ਸਲਾਹ ਦਾ ਬਦਲ ਬਣਨੀ ਚਾਹੀਦੀ ਹੈ।

fraserhealth Better health. Best in health care.
Interior Health
northern health
Providence HEALTH CARE How you want to be treated.
Vancouver CoastalHealth Promoting wellness. Ensuring care.
VANCOUVER ISLAND health authority
Provincial Health Services Authority Province-wide solutions. Better health.
BRITISH COLUMBIA The Best Place on Earth